ਮਿੱਠੇ ਬੱਚੇ:- "ਮਿੱਠੇ ਬੱਚੇ:- ਬਾਪ ਦੀ ਸਾਕਾਸ਼ ਲੈਣ ਦੇ ਲਈ ਖੁਸ਼ਬੂਦਾਰ ਫੁੱਲ ਬਣੋ, ਸਵੇਰੇ-ਸਵੇਰੇ ਉੱਠਕੇ ਯਾਦ ਵਿੱਚ ਬੈਠ ਪਿਆਰ ਨਾਲ ਬਾਬਾ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰੋ"

ਪ੍ਰਸ਼ਨ:- ਬਾਪ ਨੂੰ ਸਭ ਬੱਚੇ ਨੰਬਰਵਾਰ ਯਾਦ ਕਰਦੇ ਹਨ ਲੇਕਿਨ ਬਾਪ ਕਿਹੜੇ ਬੱਚਿਆਂ ਨੂੰ ਯਾਦ ਕਰਦੇ ਹਨ?

ਉੱਤਰ:- ਜਿਹੜੇ ਬੱਚੇ ਬੜੇ ਮਿੱਠੇ ਹਨ, ਜਿਨ੍ਹਾਂ ਨੂੰ ਸਰਵਿਸ ਦੇ ਬਿਨਾਂ ਹੋਰ ਕੁਝ ਵੀ ਸੁੱਝਦਾ ਨਹੀਂ ਹੈ। ਜੋ ਅਤਿ ਪ੍ਰੇਮ ਨਾਲ ਬਾਪ ਨੂੰ ਯਾਦ ਕਰਦੇ ਹਨ, ਖੁਸ਼ੀ ਵਿੱਚ ਪ੍ਰੇਮ ਦੇ ਅਥਰੂ ਵਹਾਉਂਦੇ ਹਨ। ਇਸ ਤਰ੍ਹਾਂ ਦੇ ਬੱਚਿਆਂ ਨੂੰ ਬਾਪ ਵੀ ਯਾਦ ਕਰਦੇ ਹਨ। ਬਾਪ ਦੀ ਨਜ਼ਰ ਫੁੱਲਾਂ ਵੱਲ ਜਾਂਦੀ ਹੈ, ਕਹਿਣਗੇ ਫਲਾਣੀ ਆਤਮਾ ਬੜੀ ਵਧੀਆ ਹੈ, ਇਹ ਆਤਮਾ ਜਿੱਥੇ ਸਰਵਿਸ ਦੇਖਦੀ ਹੈ, ਭੱਜਦੀ ਰਹਿੰਦੀ ਹੈ, ਅਨੇਕਾਂ ਦਾ ਕਲਿਆਣ ਕਰਦੀ ਹੈ। ਤਾਂ ਬਾਪ ਉਸਨੂੰ ਯਾਦ ਕਰਦੇ ਹਨ।

ਓਮ ਸ਼ਾਂਤੀ। ਬਾਪ ਬੈਠਕੇ ਸਭ ਆਤਮਾਵਾਂ ਨੂੰ ਸਮਝਾਉਂਦੇ ਹਨ। ਸ਼ਰੀਰ ਵੀ ਯਾਦ ਆਉਂਦਾ ਤਾਂ ਆਤਮਾ ਵੀ ਯਾਦ ਆਉਂਦੀ ਹੈ। ਸ਼ਰੀਰ ਬਗੈਰ ਆਤਮਾ ਨੂੰ ਯਾਦ ਨਹੀਂ ਕੀਤਾ ਜਾ ਸਕਦਾ ਹੈ। ਸਮਝਿਆ ਜਾਂਦਾ ਹੈ ਇਹ ਆਤਮਾ ਚੰਗੀ ਹੈ, ਇਹ ਬਾਹਰਮੁੱਖੀ ਹੈ, ਇਹ ਇਸ ਦੁਨੀਆਂ ਦੀ ਸੈਰ ਆਦਿ ਕਰਨਾ ਚਾਹੁੰਦੀ ਹੈ। ਇਹ ਉਸ ਦੁਨੀਆਂ ਨੂੰ ਭੁੱਲੀ ਹੋਈ ਹੈ। ਪਹਿਲਾਂ ਉਨ੍ਹਾਂ ਦਾ ਨਾਮ ਰੂਪ ਸਾਹਮਣੇ ਆਉਂਦਾ ਹੈ। ਫਲਾਣੇ ਦੀ ਆਤਮਾ ਨੂੰ ਯਾਦ ਕੀਤਾ ਜਾਂਦਾ ਹੈ। ਫਲਾਣੇ ਦੀ ਆਤਮਾ ਚੰਗੀ ਸਰਵਿਸ ਕਰਦੀ ਹੈ, ਇਨ੍ਹਾਂ ਦਾ ਬੁੱਧੀਯੋਗ ਬਾਬਾ ਦੇ ਨਾਲ ਹੈ, ਇਸ ਵਿੱਚ ਇਹ -ਇਹ ਗੁਣ ਹਨ। ਪਹਿਲਾਂ ਸ਼ਰੀਰ ਨੂੰ ਯਾਦ ਕਰਨ ਨਾਲ ਫਿਰ ਆਤਮਾ ਯਾਦ ਆਉਂਦੀ ਹੈ। ਪਹਿਲਾਂ ਸ਼ਰੀਰ ਯਾਦ ਆਵੇਗਾ ਕਿਉਂਕਿ ਸ਼ਰੀਰ ਵੱਡੀ ਚੀਜ਼ ਹੈ ਨਾ। ਫਿਰ ਆਤਮਾ ਜੋ ਸੂਖਸ਼ਮ ਬੜੀ ਛੋਟੀ ਹੈ, ਉਹ ਯਾਦ ਆਵੇਗੀ। ਇਸ ਵੱਡੇ ਸ਼ਰੀਰ ਦੀ ਕੋਈ ਮਹਿਮਾ ਨਹੀਂ ਕੀਤੀ ਜਾਂਦੀ ਹੈ। ਮਹਿਮਾ ਆਤਮਾ ਦੀ ਹੀ ਕੀਤੀ ਜਾਂਦੀ ਹੈ। ਇਸ ਦੀ ਆਤਮਾ ਚੰਗੀ ਸਰਵਿਸ ਕਰਦੀ ਹੈ। ਫਲਾਣੇ ਦੀ ਆਤਮਾ ਇਸ ਤੋਂ ਚੰਗੀ ਹੈ। ਪਹਿਲਾਂ ਤਾਂ ਸ਼ਰੀਰ ਯਾਦ ਆਉਂਦਾ ਹੈ। ਬਾਪ ਨੂੰ ਤਾਂ ਅਨੇਕ ਆਤਮਾਵਾਂ ਨੂੰ ਯਾਦ ਕਰਨਾ ਪੈਂਦਾ ਹੈ। ਸ਼ਰੀਰ ਦਾ ਨਾਮ ਯਾਦ ਨਹੀਂ ਆਉਂਦਾ ਹੈ, ਸਿਰਫ਼ ਰੂਪ ਸਾਮਣੇ ਆਉਂਦਾ ਹੈ। ਫਲਾਣੇ ਦੀ ਆਤਮਾ ਕਹਿਣ ਨਾਲ ਸ਼ਰੀਰ ਜ਼ਰੂਰ ਯਾਦ ਆਉਂਦਾ ਹੈ। ਜਿਵੇਂ ਸਮਝਦੇ ਹੋ ਇਸ ਦਾਦਾ ਦੇ ਸ਼ਰੀਰ ਵਿੱਚ ਸ਼ਿਵ ਬਾਬਾ ਆਉਂਦੇ ਹਨ। ਜਾਣਦੇ ਹੋ ਇਸ ਦੇ ਤਨ ਵਿੱਚ ਬਾਬਾ ਹਨ। ਸ਼ਰੀਰ ਜ਼ਰੂਰ ਯਾਦ ਆਵੇਗਾ। ਪੁੱਛਦੇ ਹਨ - ਅਸੀਂ ਯਾਦ ਕਿਵੇਂ ਕਰੀਏ? ਸ਼ਿਵਬਾਬਾ ਨੂੰ ਬ੍ਰਹਮਾ ਤਨ ਵਿੱਚ ਯਾਦ ਕਰੀਏ ਜਾਂ ਪਰਮਧਾਮ ਵਿੱਚ ਯਾਦ ਕਰੀਏ? ਬਹੁਤਿਆਂ ਨੂੰ ਪ੍ਰਸ਼ਨ ਉੱਠਦਾ ਹੈ। ਬਾਬਾ ਕਹਿੰਦੇ ਹਨ - ਯਾਦ ਤਾਂ ਆਤਮਾ ਨੂੰ ਹੀ ਕਰਨਾ ਹੈ। ਪਰ ਸ਼ਰੀਰ ਵੀ ਯਾਦ ਤਾਂ ਆਉਂਦਾ ਹੈ ਨਾ। ਪਹਿਲਾਂ ਸ਼ਰੀਰ ਫਿਰ ਆਤਮਾ। ਬਾਬਾ ਇਨ੍ਹਾਂ ਦੇ ਸ਼ਰੀਰ ਵਿੱਚ ਬੈਠਾ ਹੈ ਤਾਂ ਜ਼ਰੂਰ ਸ਼ਰੀਰ ਯਾਦ ਆਵੇਗਾ। ਫਲਾਣੇ ਸ਼ਰੀਰ ਵਾਲੀ ਆਤਮਾ ਵਿੱਚ ਇਹ ਗੁਣ ਹੈ। ਬਾਬਾ ਵੀ ਦੇਖਦੇ ਰਹਿੰਦੇ ਹਨ - ਕੌਣ ਮੈਨੂੰ ਯਾਦ ਕਰਦੇ ਹਨ, ਕਿਸੇ ਵਿੱਚ ਬੜੇ ਗੁਣ ਹਨ, ਕਿਸ-ਕਿਸ ਫੁੱਲ ਵਿੱਚ ਖੁਸ਼ਬੂ ਹੈ? ਫੁੱਲਾਂ ਨਾਲ ਸਭ ਦਾ ਪਿਆਰ ਹੁੰਦਾ ਹੈ। ਗੁਲਦਸਤਾ ਬਣਾਉਂਦੇ ਹਨ। ਉਸ ਵਿੱਚ ਰਾਜਾ, ਰਾਣੀ, ਪ੍ਰਜਾ ਵੱਖ-ਵੱਖ ਫੁੱਲ-ਪੱਤੇ ਆਦਿ ਸਭ ਬਣਾਉਂਦੇ ਹਨ। ਬਾਪ ਦੀ ਨਜ਼ਰ ਫੁੱਲਾਂ ਦੇ ਪਾਸੇ ਜਾਵੇਗੀ। ਕਹਿਣਗੇ, ਫਲਾਣੇ ਦੀ ਆਤਮਾ ਬੜੀ ਵਧੀਆ ਹੈ। ਬੜੀ ਸਰਵਿਸ ਕਰਦੀ ਹੈ। ਆਤਮ - ਅਭਿਮਾਨ ਵਿੱਚ ਰਹਿ ਬਾਪ ਨੂੰ ਯਾਦ ਕਰਦੇ ਰਹਿੰਦੇ ਹਨ। ਜਿੱਥੇ ਸਰਵਿਸ ਦੇਖਦੇ ਹਨ ਉੱਥੇ ਭੱਜਦੇ ਹਨ। ਫਿਰ ਵੀ ਸਵੇਰੇ ਉੱਠ ਕੇ ਯਾਦ ਵਿੱਚ ਬੈਠਦੇ ਹੋਣਗੇ ਤਾਂ ਕਿਸ ਨੂੰ ਯਾਦ ਕਰਦੇ ਹੋਣਗੇ? ਸ਼ਿਵਬਾਬਾ ਪਰਮਧਾਮ ਵਿੱਚ ਯਾਦ ਆਉਂਦਾ ਹੋਵੇਗਾ ਜਾਂ ਮਧੂਬਨ ਵਿੱਚ ਯਾਦ ਆਉਂਦਾ ਹੋਵੇਗਾ? ਬਾਬਾ ਯਾਦ ਆਉਂਦਾ ਹੋਵੇਗਾ ਨਾ। ਇਸ ਵਿੱਚ ਸ਼ਿਵਬਾਬਾ ਹੈ ਕਿਉਂਕਿ ਬਾਪ ਤਾਂ ਹੁਣ ਥੱਲੇ ਆ ਗਿਆ। ਮੁਰਲੀ ਚਲਾਉਣ ਲਈ ਥੱਲੇ ਆਏ ਹਨ। ਇਨ੍ਹਾਂ ਦਾ ਆਪਣੇ ਘਰ ਤਾਂ ਕੋਈ ਕੰਮ ਨਹੀਂ ਹੋਵੇਗਾ। ਉੱਥੇ ਜਾ ਕੇ ਕੀ ਕਰਾਂਗੇ? ਇਸ ਤਨ ਵਿੱਚ ਹੀ ਪ੍ਰਵੇਸ਼ ਕਰਦੇ ਹਨ। ਤਾਂ ਪਹਿਲਾਂ ਜ਼ਰੂਰ ਸ਼ਰੀਰ ਯਾਦ ਆਵੇਗਾ ਫਿਰ ਆਤਮਾ। ਫਲਾਣੇ ਸ਼ਰੀਰ ਵਿੱਚ ਜੋ ਆਤਮਾ ਹੈ ਉਹ ਖ਼ਾਸ ਚੰਗੀ ਹੈ। ਇਸਨੂੰ ਸਰਵਿਸ ਬਗੈਰ ਕੁਝ ਵੀ ਸੁਝਦਾ ਨਹੀਂ ਹੈ। ਬੜੀ ਮਿੱਠੀ ਹੈ। ਬਾਬਾ ਬੈਠੇ ਰਹਿੰਦੇ ਹਨ, ਸਭ ਨੂੰ ਦੇਖਦੇ ਰਹਿੰਦੇ ਹਨ। ਫਲਾਣੀ ਬੱਚੀ ਬੜੀ ਚੰਗੀ ਹੈ, ਬੜਾ ਯਾਦ ਕਰਦੀ ਹੈ। ਬੰਧੇਲੀਆਂ ਬੱਚੀਆਂ ਨੂੰ ਵਿਕਾਰ ਲਈ ਕਿੰਨੀ ਮਾਰ ਪੈਂਦੀ ਹੈ! ਕਿੰਨਾ ਪ੍ਰੇਮ ਨਾਲ ਯਾਦ ਕਰਦੀਆਂ ਹੋਣਗੀਆਂ! ਜਦੋਂ ਬੜਾ ਯਾਦ ਕਰਦੀਆਂ ਹਨ ਤਾਂ ਖੁਸ਼ੀ ਦੇ ਮਾਰੇ ਪ੍ਰੇਮ ਦੇ ਅਥਰੂ ਵੀ ਆ ਜਾਂਦੇ ਹਨ। ਕਦੇ-ਕਦੇ ਉਹ ਅੱਥਰੂ ਡਿੱਗ ਵੀ ਜਾਂਦੇ ਹਨ। ਬਾਬਾ ਨੂੰ ਹੋਰ ਧੰਦਾ ਕੀ ਹੈ। ਸਭ ਨੂੰ ਯਾਦ ਕਰਦੇ ਹਨ। ਬਹੁਤ ਬੱਚੀਆਂ ਯਾਦ ਆਉਂਦੀਆਂ ਹਨ। ਫਲਾਣੇ ਦੀ ਆਤਮਾ ਵਿੱਚ ਦਮ ਨਹੀਂ ਹੈ। ਬਾਪ ਨੂੰ ਯਾਦ ਨਹੀਂ ਕਰਦੀ ਹੈ। ਕਿਸੇ ਨੂੰ ਸੁੱਖ ਨਹੀਂ ਦਿੰਦੀ। ਇਹ ਆਪਣਾ ਹੀ ਕਲਿਆਣ ਨਹੀਂ ਕਰਦੀ ਹੈ। ਬਾਪ ਤਾਂ ਇਹ ਹੀ ਜਾਂਚ ਕਰਦੇ ਰਹਿਣਗੇ। ਯਾਦ ਕਰਨਾ ਮਤਲਬ ਸਾਕਾਸ਼ ਦੇਣਾ। ਆਤਮਾ ਦਾ ਕਨੈਕਸ਼ਨ ਪਰਮਾਤਮਾ ਦੇ ਨਾਲ ਰਹਿੰਦਾ ਹੈ ਨਾ। ਇਕ ਦਿਨ ਆਵੇਗਾ ਜਦੋਂ ਬੱਚੇ ਯੋਗ ਵਿੱਚ ਬਹੁਤ ਰਹਿਣਗੇ। ਇਹ ਵੀ ਕਿਸੇ ਨੂੰ ਯਾਦ ਕਰਨਗੇ ਤਾਂ ਝੱਟ ਸਾਕਸ਼ਾਤਕਾਰ ਹੋਵੇਗਾ। ਆਤਮਾ ਤਾਂ ਹੈ ਛੋਟੀ ਬਿੰਦੀ। ਸਾਕਸ਼ਾਤਕਾਰ ਕਰਨ ਤਾਂ ਵੀ ਕੋਈ ਸਮਝ ਨਹੀਂ ਸਕਦਾ ਹੈ ਫਿਰ ਵੀ ਸ਼ਰੀਰ ਹੀ ਯਾਦ ਆਉਂਦਾ ਹੈ। ਆਤਮਾ ਹੈ ਛੋਟੀ ਬਿੰਦੀ ਪਰ ਯਾਦ ਕਰਦੀ ਹੈ ਤਾਂ ਉਸਦੀ ਆਤਮਾ ਪਾਵਨ ਬਣਦੀ ਜਾਂਦੀ ਹੈ। ਬਗੀਚੇ ਵਿੱਚ ਵਰਾਇਟੀ ਫੁੱਲ ਹੁੰਦੇ ਹਨ। ਬਾਬਾ ਵੀ ਦੇਖਦੇ ਹਨ ਇਹ ਬੜਾ ਚੰਗਾ ਖੁਸ਼ਬੂਦਾਰ ਫੁੱਲ ਹੈ, ਇਹ ਇਨਾਂ ਨਹੀਂ। ਤਾਂ ਪੱਦ ਵੀ ਘੱਟ ਹੋਵੇਗਾ। ਬਾਬਾ ਦੇ ਜੋ ਮਦਦਗਾਰ ਬਣਦੇ ਉਹ ਹੀ ਉੱਚ ਪਦ ਪਾਉਂਦੇ ਹਨ। ਉਹ ਵੀ ਜੋ ਬਾਪ ਨੂੰ ਯਾਦ ਕਰਦੇ ਰਹਿੰਦੇ ਹਨ। ਬ੍ਰਾਹਮਣ ਤੋਂ ਟਰਾਂਸਫਰ ਹੋ ਦੇਵਤਾ ਬਣਦੇ ਹਨ। ਇਹ ਵਰਨਣ ਵੀ ਸੰਗਮ ਤੇ ਹੀ ਕਰ

ਸਕਦੇ ਹਨ ਕਿ ਇਹ ਦੈਵੀ ਫੁੱਲ ਹੈ ਜਾਂ ਆਸੁਰੀ ਫੁੱਲ? ਫੁੱਲ ਤਾਂ ਸਭ ਹਨ ਪਰ ਵਰਾਇਟੀ ਬੜੀ ਹੈ। ਬਾਬਾ ਵੀ ਯਾਦ ਕਰਦੇ ਰਹਿੰਦੇ ਹਨ। ਟੀਚਰ ਆਪਣੇ ਸਟੂਡੈਂਟ ਨੂੰ ਯਾਦ ਕਰਨਗੇ ਨਾ। ਇਹ ਘੱਟ ਪੜ੍ਹਦੇ ਹਨ। ਦਿਲ ਵਿਚ ਤਾਂ ਸਮਝਣਗੇ ਨਾ। ਇਹ ਬਾਪ ਵੀ ਹੈ, ਟੀਚਰ ਵੀ ਹੈ। ਬਾਪ ਤਾਂ ਹੈ ਹੀ। ਟੀਚਰਪਨੇ ਦਾ ਜ਼ਿਆਦਾ ਚਲਦਾ ਹੈ। ਟੀਚਰ ਨੇ ਤਾਂ ਰੋਜ਼ ਪੜ੍ਹਾਉਣਾ ਹੈ। ਇਸ ਪੜ੍ਹਾਈ ਦੀ ਤਾਕਤ ਨਾਲ ਉਹ ਪਦ ਪਾਉਂਦੇ ਹਨ। ਸਵੇਰੇ ਨੂੰ ਤੁਸੀਂ ਸਭ ਭਾਈ ਬਾਪ ਦੀ ਯਾਦ ਵਿੱਚ ਬੈਠਦੇ ਹੋ, ਉਹ ਸਬਜੈਕਟ ਹੈ ਯਾਦ ਦੀ। ਫਿਰ ਮੁਰਲੀ ਚੱਲਦੀ ਹੈ, ਉਹ ਹੈ ਪੜ੍ਹਾਈ ਦੀ ਸਬਜੈਕਟ। ਮੁੱਖ ਹੈ ਯੋਗ ਅਤੇ ਪੜ੍ਹਾਈ। ਉਸਨੂੰ ਗਿਆਨ ਅਤੇ ਵਿਗਿਆਨ ਵੀ ਕਿਹਾ ਜਾਂਦਾ ਹੈ। ਇਹ ਗਿਆਨ ਵਿਗਿਆਨ ਭਵਨ ਹੈ, ਜਿੱਥੇ ਬਾਪ ਆਕੇ ਸਿਖਾਉਂਦੇ ਹਨ। ਗਿਆਨ ਨਾਲ ਸਾਰੀ ਸ੍ਰਿਸ਼ਟੀ ਦੀ ਨਾਲੇਜ਼ ਮਿਲਦੀ ਹੈ। ਵਿਗਿਆਨ ਮਤਲਬ ਤੁਸੀਂ ਯੋਗ ਵਿੱਚ ਰਹਿੰਦੇ ਹੋ ਜਿਸ ਨਾਲ ਤੁਸੀਂ ਪਾਵਨ ਬਣ ਜਾਂਦੇ ਹੋ। ਤੁਹਾਨੂੰ ਅਰਥ ਦਾ ਪਤਾ ਹੈ। ਬਾਪ ਬੱਚਿਆਂ ਨੂੰ ਦੇਖਦੇ ਰਹਿੰਦੇ ਹਨ। ਦੇਹੀ ਅਭਿਮਾਨੀ ਬਣਨ ਨਾਲ ਹੀ ਭੂਤ ਨਿਕਲਣਗੇ। ਇਵੇਂ ਨਹੀਂ, ਕਿ ਸਭ ਦੇ ਭੂਤ ਫੱਟ ਨਾਲ ਨਿਕਲ ਜਾਣਗੇ। ਹਿਸਾਬ - ਕਿਤਾਬ ਜਦੋਂ ਚੁਕਤੂ ਹੋਵੇ ਫਿਰ ਚਲਨ ਅਨੁਸਾਰ ਪਦ ਪਾਉਣਗੇ। ਕਲਾਸ ਟਰਾਂਸਫਰ ਹੁੰਦੇ ਹਨ। ਇਸ ਦੁਨੀਆਂ ਦਾ ਟਰਾਂਸਫਰ ਥੱਲੇ ਹੋ ਰਿਹਾ ਹੈ ਅਤੇ ਤੁਹਾਡਾ ਉਪਰ ਹੋ ਰਿਹਾ ਹੈ। ਕਿੰਨਾ ਫ਼ਰਕ ਹੈ। ਉਹ ਕਲਯੁੱਗੀ ਪੌੜੀ ਥੱਲੇ ਉੱਤਰਦੇ ਜਾਂਦੇ ਹਨ ਅਤੇ ਤੁਸੀਂ ਪੁਰਸ਼ੋਤਮ ਸੰਗਮਯੁੱਗੀ ਪੌੜੀ ਉਪਰ ਚੜ੍ਹਦੇ ਜਾਂਦੇ ਹੋ। ਦੁਨੀਆਂ ਤਾਂ ਇਹ ਹੀ ਹੈ, ਸਿਰਫ ਬੁੱਧੀ ਦਾ ਕੰਮ ਹੈ। ਤੁਸੀਂ ਕਹਿੰਦੇ ਹੋ ਅਸੀਂ ਸੰਗਮਯੁੱਗੀ ਹਾਂ। ਪੁਰਸ਼ੋਤਮ ਬਣਾਉਣ ਦੇ ਲਈ ਬਾਪ ਨੂੰ ਆਉਣਾ ਪੈਂਦਾ ਹੈ। ਤੁਹਾਡੇ ਲਈ ਹੁਣ ਪੁਰਸ਼ੋਤਮ ਸੰਗਮਯੁੱਗ ਹੈ। ਬਾਕੀ ਸਾਰੇ ਘੋਰ ਹਨ੍ਹੇਰੇ ਵਿੱਚ ਹਨ। ਭਗਤੀ ਨੂੰ ਉਹ ਬੜਾ ਚੰਗਾ ਸਮਝਦੇ ਹਨ ਕਿਉਂਕਿ ਗਿਆਨ ਦਾ ਉਨ੍ਹਾਂ ਨੂੰ ਪਤਾ ਨਹੀਂ ਹੈ। ਤੁਹਾਨੂੰ ਹੁਣ ਗਿਆਨ ਮਿਲਿਆ ਹੈ, ਫਿਰ ਤੁਸੀਂ ਸਮਝਦੇ ਹੋ। ਗਿਆਨ ਦੀ ਇੱਕ ਚੁਟਕੀ ਨਾਲ ਅੱਧਾਕਲਪ ਲਈ ਅਸੀਂ ਚੜ੍ਹ ਜਾਂਦੇ ਹਾਂ। ਫਿਰ ਉੱਥੇ ਗਿਆਨ ਦੀ ਗੱਲ ਵੀ ਨਹੀਂ ਹੋਵੇਗੀ। ਇਹ ਸਭ ਗੱਲਾਂ ਮਹਾਰਥੀ ਬੱਚੇ ਹੀ ਸੁਣਕੇ ਧਾਰਨ ਕਰਕੇ ਅਤੇ ਸੁਣਾਉਂਦੇ ਰਹਿਣਗੇ। ਬਾਕੀ ਤਾਂ ਇਥੋਂ ਨਿਕਲੇ ਅਤੇ ਬਸ ਖ਼ਲਾਸ। ਕਰਮ, ਅਕਰਮ, ਵਿਕਰਮ ਦਾ ਰਾਜ਼ ਵੀ ਭਗਵਾਨ ਹੀ ਸਮਝਾਉਂਦੇ ਹਨ। ਇਹ ਹੈ ਕਲਪ ਦਾ ਸੰਗਮਯੁੱਗ। ਜਦ ਕਿ ਪੁਰਾਣੀ ਦੁਨੀਆਂ ਖ਼ਤਮ ਹੋ ਨਵੀ ਦੁਨੀਆਂ ਸਥਾਪਨ ਹੋਣੀ ਹੈ। ਵਿਨਾਸ਼ ਸਾਹਮਣੇ ਖੜ੍ਹਾ ਹੈ। ਤੁਸੀਂ ਸੰਗਮਯੁੱਗ ਤੇ ਖੜ੍ਹੇ ਹੋ ਅਤੇ ਮਨੁੱਖਾਂ ਦੇ ਲਈ ਕਲਯੁੱਗ ਚਲ ਰਿਹਾ ਹੈ। ਕਿੰਨਾ ਘੋਰ ਹਨ੍ਹੇਰਾ ਹੈ। ਡਿੱਗਦੇ ਹੀ ਰਹਿੰਦੇ ਹਨ। ਕੋਈ ਤਾਂ ਡਿਗਾਉਣ ਦੇ ਨਿਮਿਤ ਵੀ ਹੋਵੇਗਾ। ਉਹ ਹੈ ਰਾਵਣ।

ਇਸ ਸਭਾ ਵਿੱਚ ਅਸਲ ਵਿੱਚ ਕੋਈ ਪਤਿਤ ਬੈਠ ਨਹੀਂ ਸਕਦਾ ਹੈ। ਪਤਿਤ ਵਾਯੂਮੰਡਲ ਨੂੰ ਖਰਾਬ ਕਰਨਗੇ। ਜੇਕਰ ਕੋਈ ਲੁੱਕ ਕੇ ਆਕੇ ਬੈਠਦੇ ਹਨ ਤਾਂ ਉਨ੍ਹਾਂ ਨੂੰ ਸੱਟ ਵੀ ਲੱਗਦੀ ਹੈ। ਇਕਦਮ ਡਿੱਗ ਪੈਣਗੇ। ਈਸ਼ਵਰੀਏ ਸਭਾ ਵਿੱਚ ਕੋਈ ਦੈਤ ਆਕੇ ਬੈਠਦਾ ਹੈ ਤਾਂ ਝੱਟ ਪਤਾ ਲੱਗੇਗਾ। ਪੱਥਰਬੁੱਧੀ ਤਾਂ ਹੈ ਹੀ, ਬਾਕੀ ਵੀ ਪੱਥਰਬੁੱਧੀ ਹੋ ਜਾਵੇਗਾ। ਸੋ ਗੁਣਾ ਦੰਡ ਪੈ ਜਾਵੇਗਾ। ਆਪਣਾ ਨੁਕਸਾਨ ਕਰਨਗੇ। ਕਹਿੰਦੇ ਹਨ ਅਸੀਂ ਦੇਖਾਂਗੇ ਕਿ ਇਨ੍ਹਾਂ ਨੂੰ ਪਤਾ ਲੱਗਦਾ ਹੈ? ਸਾਨੂੰ ਕੀ ਪਈ - ਜੋ ਕਰੇਗਾ, ਸੋ ਪਾਏਗਾ। ਸਾਨੂੰ ਜਾਨਣ ਦੀ ਲੋੜ ਨਹੀਂ ਹੈ। ਬਾਪ ਨਾਲ ਸਦਾ ਸੱਚਾ ਰਹਿਣਾ ਹੈ। ਕਹਿੰਦੇ ਹਨ ਸੱਚ ਤੋਂ ਬਿਠੋ ਨੱਚ। ਸੱਚੇ ਰਹੋਗੇ ਤਾਂ ਆਪਣੀ ਰਾਜਧਾਨੀ ਵਿੱਚ ਵੀ ਡਾਂਸ ਕਰੋਗੇ। ਬਾਪ ਹੈ ਹੀ ਟਰੂਥ(ਸੱਤ)। ਤਾਂ ਬੱਚਿਆਂ ਨੂੰ ਵੀ ਟਰੁੱਥ ਬਣਨਾ ਚਾਹੀਦਾ ਹੈ। ਬਾਬਾ ਪੁੱਛਦੇ ਹਨ - ਸ਼ਿਵਬਾਬਾ ਕਿੱਥੇ ਹੈ? ਕਹਿੰਦੇ ਹਨ - ਇਸ ਵਿੱਚ ਹੈ। ਪਰਮਧਾਮ ਨੂੰ ਛੱਡ, ਦੂਰ ਦੇਸ਼ ਦੇ ਰਹਿਣ ਵਾਲੇ ਆਏ ਦੇਸ਼ ਪਰਾਏ। ਉਨ੍ਹਾਂ ਨੂੰ ਤਾਂ ਹੁਣ ਬੜੀ ਸਰਵਿਸ ਕਰਨੀ ਹੈ। ਬਾਪ ਕਹਿੰਦੇ ਹਨ - ਮੈਨੂੰ ਰਾਤ-ਦਿਨ ਇਥੇ ਸਰਵਿਸ ਕਰਨੀ ਪੈਂਦੀ ਹੈ। ਸੰਦੇਸ਼ੀਆਂ ਨੂੰ, ਭਗਤਾਂ ਨੂੰ ਸਾਕਸ਼ਾਤਕਾਰ ਕਰਾਉਣਾ ਪੈਂਦਾ ਹੈ। ਹੈ ਤਾਂ ਇਥੇ ਹੀ। ਉੱਥੇ ਤਾਂ ਕੋਈ ਸਰਵਿਸ ਨਹੀਂ ਹੈ। ਸਰਵਿਸ ਬਗੈਰ ਬਾਬਾ ਨੂੰ ਸੁੱਖ ਨਾਂ ਆਵੇ। ਸਾਰੀ ਦੁਨੀਆਂ ਦੀ ਸਰਵਿਸ ਕਰਨੀ ਹੈ। ਸਾਰੇ ਬਲਾਉਂਦੇ ਹਨ ਬਾਬਾ ਆਵੋ। ਕਹਿੰਦੇ ਹਨ ਮੈਂ ਇਸ ਰੱਥ ਵਿੱਚ ਆਉਂਦਾ ਹਾਂ। ਉਨ੍ਹਾਂ ਨੇ ਫਿਰ ਘੋੜੇ ਗੱਡੀ ਬਣਾ ਦਿੱਤੀ ਹੈ। ਹੁਣ ਘੋੜੇ ਗੱਡੀ ਵਿੱਚ ਕ੍ਰਿਸ਼ਨ ਕਿਵੇਂ ਬੈਠਣਗੇ! ਇਵੇਂ ਨਹੀਂ ਕੋਈ ਸ਼ੌਂਕ ਹੁੰਦਾ ਹੈ ਘੋੜੇ-ਗੱਡੀ ਤੇ ਬੈਠਣ ਦਾ।

ਦੇਹੀ-ਅਭਿਮਾਨੀ ਅਤੇ ਦੇਹ-ਅਭਿਮਾਨੀ ਬਣਨ ਦੀਆਂ ਗੱਲਾਂ ਸੰਗਮਯੁੱਗ ਤੇ ਹੀ ਹੁੰਦੀਆਂ ਹਨ ਅਤੇ ਸਿਵਾਏ ਬਾਪ ਦੇ ਇਹ ਗੱਲਾਂ ਹੋਰ ਕੋਈ ਸਮਝਾ ਵੀ ਨਹੀਂ ਸਕਦਾ ਹੈ। ਤੁਸੀਂ ਵੀ ਹੁਣ ਜਾਣਦੇ ਹੋ। ਪਹਿਲਾਂ ਨਹੀਂ ਜਾਣਦੇ ਸੀ। ਕੀ ਕੋਈ ਗੁਰੂ ਨੇ ਸਿਖਾਇਆ? ਗੁਰੂ ਤਾਂ ਬਹੁਤ ਕੀਤੇ। ਕਿਸੇ ਨੇ ਵੀ ਨਹੀਂ ਸਿਖਾਇਆ। ਬੜੇ ਲੋਕ ਗੁਰੂ ਕਰਦੇ ਹਨ। ਸਮਝਦੇ ਹਨ ਕੋਈ ਤਾਂ ਸ਼ਾਂਤੀ ਦਾ ਰਾਹ ਮਿਲ ਜਾਵੇ। ਬਾਪ ਕਹਿੰਦੇ ਹਨ ਸ਼ਾਂਤੀ ਦਾ ਸਾਗਰ ਤਾਂ ਇੱਕ ਬਾਪ ਹੈ, ਉਹ ਨਾਲ ਲੈ ਜਾਂਦੇ ਹਨ। ਸੁੱਖਧਾਮ-ਸ਼ਾਂਤੀਧਾਮ ਦਾ ਕਿਸੇ ਨੂੰ ਪਤਾ ਹੀ ਨਹੀਂ ਹੈ। ਕਲਯੁੱਗ ਵਿੱਚ ਹੈ ਸ਼ੂਦ੍ਰ ਵਰਨ। ਪੁਰਸ਼ੋਤਮ ਸੰਗਮਯੁੱਗ ਤੇ ਹੈ ਬ੍ਰਾਹਮਣ ਵਰਨ। ਇਨ੍ਹਾਂ ਵਰਨਾਂ ਦਾ ਵੀ ਤੁਹਾਡੇ ਸਿਵਾਏ ਕਿਸੇ ਨੂੰ ਪਤਾ ਨਹੀਂ ਹੈ। ਇਥੇ ਤਾਂ ਸੁਣਦੇ ਹਨ, ਬਾਹਰ ਨਿਕਲਣ ਨਾਲ ਸਭ ਕੁੱਝ ਭੁੱਲ ਜਾਂਦੇ ਹਨ। ਧਾਰਨਾ ਹੁੰਦੀ ਨਹੀਂ ਹੈ। ਬਾਪ ਕਹਿੰਦੇ ਹਨ ਕਿਤੇ ਵੀ ਜਾਓ, ਬੈਜ ਪਿਆ ਹੋਵੇ। ਇਸ ਵਿੱਚ ਲੱਜਾ(ਸ਼ਰਮ) ਦੀ ਗੱਲ ਨਹੀਂ ਹੈ। ਇਹ ਤਾਂ ਬਾਬਾ ਨੇ ਬੜਾ ਕਲਿਆਣ ਦੇ ਲਈ ਬਣਾਇਆ ਹੈ। ਕਿਸੇ ਨੂੰ ਸਮਝਾ ਕੇ ਦੇਵੋ। ਕੋਈ ਸੈਂਸੀਬਲ ਹੋਵੇਗਾ ਤਾਂ ਕਹੇਗਾ ਇਸਤੇ ਤੁਹਾਡਾ ਖਰਚਾ ਹੋਇਆ ਹੋਵੇਗਾ। ਬੋਲੋ-ਖਰਚਾ ਤਾਂ ਹੁੰਦਾ ਹੀ ਹੈ। ਗਰੀਬਾਂ ਲਈ ਫ੍ਰੀ ਹੈ। ਉਹ ਧਾਰਨ ਕਰ ਲਵੇ ਤਾਂ ਉੱਚ ਪਦ ਪਾ ਸਕਦੇ ਹੋ। ਗਰੀਬ ਕੋਲ ਪੈਸੇ ਹੀ ਨਹੀਂ ਤਾਂ ਕੀ ਕਰੋਗੇ। ਕਿਸੇ ਦੇ ਕੋਲ ਪੈਸੇ ਹਨ ਪਰ ਮਨਹੂਸ ਹਨ। ਇਸਨੇ ਪ੍ਰੈਕਟੀਕਲ ਕਰ ਕੇ ਦਿਖਾਇਆ। ਸਭ ਕੁੱਝ ਮਾਤਾਵਾਂ ਦੇ ਹਵਾਲੇ ਕਰ ਦਿੱਤਾ। ਤੁਸੀਂ ਬੈਠ ਸਭ ਕੁਝ ਸੰਭਾਲੋ ਕਿਉਂਕਿ ਹੁਣ ਤਾਂ ਇਹ ਗਿਆਨ ਮਿਲਿਆ ਹੈ ਕਿ ਪਿਛਾੜੀ ਵਿੱਚ ਕੁਝ ਵੀ ਯਾਦ ਨਾ ਆਵੇ। ਅੰਤਕਾਲ ਜੋ ਇਸਤਰੀ ਸਿਮਰੇ...। ਵੱਡੀ ਬਿਲਡਿੰਗਸ ਆਦਿ ਹੋਣਗੀਆਂ ਤਾਂ ਜ਼ਰੂਰ ਯਾਦ ਆਉਣਗੀਆਂ। ਪਰ ਥੋੜਾ ਵੀ ਗਿਆਨ ਸੁਣਿਆ ਤਾਂ ਪ੍ਰਜਾ ਵਿੱਚ ਜ਼ਰੂਰ ਆਉਣਗੇ। ਬਾਪ ਤਾਂ ਹੈ ਗਰੀਬ ਨਿਵਾਜ਼। ਕਿਸੇ-ਕਿਸੇ ਦੇ ਕੋਲ ਪੈਸੇ ਹੁੰਦੇ ਹਨ ਤਾਂ ਵੀ ਮਨਹੂਸ ਹੁੰਦੇ ਹਨ। ਇਵੇਂ ਨਹੀਂ ਸਮਝਦੇ

ਕਿ ਪਹਿਲਾ ਵਾਰਿਸ ਤਾਂ ਸ਼ਿਵਬਾਬਾ ਹੈ। ਭਗਵਾਨ ਵਾਰਿਸ ਤਾਂ ਭਗਤੀ ਮਾਰਗ ਵਿੱਚ ਵੀ ਹੈ। ਈਸ਼ਵਰ ਅਰਥ ਦਿੰਦੇ ਹਨ। ਕੀ ਉਹ ਕੰਗਾਲ ਹੈ ਜੋ ਉਸਨੂੰ ਦਿੰਦੇ ਹਾਂ! ਸਮਝਦੇ ਹਨ ਈਸ਼ਵਰ ਦੇ ਨਾਮ ਤੇ ਗਰੀਬਾਂ ਨੂੰ ਦੇਣਗੇ ਤਾਂ ਈਸ਼ਵਰ ਵੀ ਏਵਜ਼ ਵਿੱਚ ਦੇਣਗੇ। ਦੂਜੇ ਜਨਮ ਵਿੱਚ ਮਿਲਦਾ ਤਾਂ ਹੈ ਹੀ। ਕਹਿੰਦੇ ਹਨ ਦੇ ਦਾਨ ਤਾਂ ਛੁੱਟੇ ਗ੍ਰਹਿਣ। ਬਾਪ ਨੂੰ ਸਭ ਕੁਝ ਦੇ ਦਿੱਤਾ, ਸ਼ਰੀਰ, ਮਿੱਤਰ-ਸੰਬੰਧੀ ਸਭ ਕੁਝ ਬਾਬਾ ਨੂੰ ਸਮਰਪਣ ਕਰ ਦਿੱਤਾ। ਇਹ ਸਭ ਕੁਝ ਤੁਹਾਡਾ ਹੈ। ਇਸ ਵੇਲੇ ਸਾਰੀ ਦੁਨੀਆਂ ਤੇ ਗ੍ਰਹਿਣ ਲੱਗਿਆ ਹੋਇਆ ਹੈ। ਉਹ ਕਿਵੇਂ ਇਕ ਸੈਕਿੰਡ ਵਿੱਚ ਛੁੱਟਦਾ ਹੈ, ਕਾਲੇ ਤੋਂ ਗੋਰਾ ਕਿਵੇਂ ਬਣਦੇ ਹਨ, ਇਹ ਹੁਣ ਤੁਸੀਂ ਹੀ ਜਾਣਦੇ ਹੋ ਫਿਰ ਹੋਰਾਂ ਨੂੰ ਸਮਝਾਉਂਦੇ ਹੋ। ਜੋ ਕਹਿੰਦੇ ਹਨ - ਅਸੀਂ ਅੰਦਰੋਂ ਸਮਝਦੇ ਹਾਂ ਪਰ ਕਿਸੇ ਨੂੰ ਸਮਝਾ ਨਹੀਂ ਸਕਦੇ ਹਾਂ, ਉਹ ਵੀ ਕਿਸੇ ਕੰਮ ਦੇ ਨਹੀਂ ਹਨ। ਬਾਪ ਕਹਿੰਦੇ ਹਨ - ਦੇ ਦਾਨ ਤਾਂ ਛੁੱਟੇ ਗ੍ਰਹਿਣ। ਅਸੀਂ ਤੁਹਾਨੂੰ ਅਵਿਨਾਸ਼ੀ ਗਿਆਨ ਰਤਨ ਦਿੰਦੇ ਹਾਂ, ਉਹ ਸਭ ਨੂੰ ਦਿੰਦੇ ਜਾਵੋ ਤਾਂ ਭਾਰਤ ਤੇ ਅਤੇ ਸਾਰੀ ਦੁਨੀਆਂ ਤੇ ਜੋ ਰਾਹੂ ਦਾ ਗ੍ਰਹਿਣ ਬੈਠਿਆ ਹੋਇਆ ਹੈ, ਉਹ ਉਤਰ ਜਾਵੇ ਅਤੇ ਬ੍ਰਹਿਸਪਤੀ ਦੀ ਦਸ਼ਾ ਹੋ ਜਾਵੇ। ਸਭ ਤੋਂ ਵਧੀਆ ਹੁੰਦੀ ਹੈ ਬ੍ਰਹਿਸਪਤੀ ਦੀ ਦਸ਼ਾ। ਹੁਣ ਤੁਸੀਂ ਜਾਣਦੇ ਹੋ ਭਾਰਤ ਖ਼ਾਸ ਅਤੇ ਆਮ ਦੁਨੀਆਂ ਤੇ ਰਾਹੂ ਦਾ ਗ੍ਰਹਿਣ ਲੱਗਿਆ ਹੋਇਆ ਹੈ। ਉਹ ਕਿਵੇਂ ਛੁੱਟੇ? ਇਹ ਤਾਂ ਬਾਪ ਹੈ ਨਾ। ਬਾਪ ਤੁਹਾਡੇ ਤੋਂ ਪੁਰਾਣਾ ਲੈ ਕੇ ਨਵਾਂ ਦਿੰਦੇ ਹਨ। ਇਸਨੂੰ ਕਿਹਾ ਜਾਂਦਾ ਹੈ ਬ੍ਰਹਿਸਪਤੀ ਦੀ ਦਸ਼ਾ। ਮੁਕਤੀਧਾਮ ਵਿੱਚ ਜਾਣ ਵਾਲਿਆਂ ਦੇ ਲਈ ਬ੍ਰਹਿਸਪਤੀ ਦੀ ਦਸ਼ਾ ਨਹੀਂ ਕਹਾਂਗੇ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਦਾ ਖੁਸ਼ੀ ਵਿੱਚ ਡਾਂਸ ਕਰਨ ਦੇ ਲਈ ਸੱਚੇ ਬਾਪ ਨਾਲ ਸਦਾ ਸੱਚਾ ਰਹਿਣਾ ਹੈ। ਕੁਝ ਵੀ ਲੁਕਾਉਣਾ ਨਹੀਂ ਹੈ।

2. ਬਾਪ ਜੋ ਅਵਿਨਾਸ਼ੀ ਰਤਨ ਦਿੰਦੇ ਹਨ, ਉਹ ਸਭ ਨੂੰ ਵੰਡਣੇ ਹਨ। ਨਾਲ-ਨਾਲ ਸ਼ਿਵਬਾਬਾ ਨੂੰ ਆਪਣਾ ਵਾਰਿਸ ਬਣਾ ਕੇ ਸਭ ਕੁਝ ਸਫ਼ਲ ਕਰਨਾ ਹੈ। ਇਸ ਵਿੱਚ ਮਨਹੂਸ ਨਹੀਂ ਬਣਨਾ ਹੈ।

ਵਰਦਾਨ:- ਬਿੰਦੂ ਅਤੇ ਬੂੰਦ ਦੇ ਮਹੱਤਵ ਨੂੰ ਸਮਝ ਆਪਣੀ ਸ੍ਰੇਸ਼ਠ ਸਥਿਤੀ ਬਨਾਉਣ ਵਾਲੇ ਸਿੱਧੀ ਸਵਰੂਪ ਭਵ।
ਸ਼ਿਵ ਪਰਮਾਤਮਾ ਦੀ ਪੂਜਾ ਵਿਚ ਇੱਕ ਬਿੰਦੂ ਦੀ ਵਿਸ਼ੇਸ਼ਤਾ ਹੈ, ਦੂਸਰੀ ਬੂੰਦ - ਬੂੰਦ ਦੀ ਵਿਸ਼ੇਸ਼ਤਾ ਹੈ। ਦੋਵਾਂ ਦਾ ਆਪਣਾ ਮਹੱਤਵ ਹੈ। ਆਤਮਾ, ਪਰਮਾਤਮਾ ਅਤੇ ਪ੍ਰਕ੍ਰਿਤੀ ਦਾ ਇਹ ਖੇਲ ਮਤਲਬ ਡਰਾਮਾ ਤਿੰਨਾਂ ਦਾ ਗਿਆਨ ਪ੍ਰੈਕਟਿਕਲ ਲਾਈਫ ਵਿੱਚ ਬਿੰਦੂ ਹੀ ਅਨੁਭਵ ਹੁੰਦਾ ਹੈ ਅਤੇ ਬੂੰਦ ਹੈ ਸ਼ੁੱਧ ਸੰਕਲਪਾਂ ਦੀ ਸਮ੍ਰਿਤੀ, ਜਿਸ ਨਾਲ ਮਿਲਣ ਦੀ ਸਿੱਧੀ ਦਾ ਅਨੁਭਵ ਹੁੰਦਾ ਹੈ। ਰੂਹਰਿਹਾਨ ਵਿੱਚ ਪ੍ਰਾਪਤੀਆਂ ਦੀ ਸ਼ੀਤਲ ਬਿੰਦੂ ਬਾਪ ਦੇ ਪਾਉਂਦੇ ਹੋ, ਇਸੇ ਨਾਲ ਸ੍ਰੇਸ਼ਠ ਸਥਿਤੀ ਬਣ ਜਾਂਦੀ ਹੈ, ਇਸੇ ਦਾ ਯਾਦਗਰ ਭਗਤੀ ਵਿਚ ਵੀ ਚਲਿਆ ਆਉਂਦਾ ਹੈ।

ਸਲੋਗਨ:- ਜਿਆਦਾ ਬੋਲਣ ਨਾਲ ਦਿਮਾਗ ਦੀ ਐਨਰਜੀ ਘਟ ਹੋ ਜਾਂਦੀ ਹੈ ਇਸਲਈ ਸ਼ਾਰਟ ਅਤੇ ਸਵੀਟ ਬੋਲੋ।

******